## ਆੜਾ ਚਾਰ ਤਾਲ

ਇਹ ਤਾਲ ਖ਼ਿਆਲ ਦੀ ਸੰਗਤ ਲਈ ਹੈ ਅਤੇ ਤਿੰਨ ਤਾਲ, ਝਪ ਤਾਲ ਦੀ ਤਰ੍ਹਾਂ ਸੁਤੰਤਰ ਵਾਦਨ ਲਈ ਵੀ ਮਹੱਤਤਾ ਰਖਦਾ ਹੈ। ਇਸ ਵਿਚ ਕਾਇਦਾ, ਪੇਸ਼ਕਾਰ, ਪਰਨ ਆਦਿ ਦਾ ਪ੍ਰਯੋਗ ਹੁੰਦਾ ਹੈ। ਵਿਲੰਬਿਤ, ਮੱਧ ਲੈਅ ਨਾਲ ਇਸ ਦਾ ਸੁਭਾਅ ਜ਼ਿਆਦਾ ਉਘੜਦਾ ਹੈ। ਇਹ ਤਬਲੇ ਦੀ ਤਾਲ ਹੈ। ਜਿਵੇਂ ਧਮਾਰ, ਪਖਾਵਜ ਦੀ ਤਾਲ ਹੈ। ਇਸ ਦੀ ਵੰਡ ਇਸ ਪ੍ਰਕਾਰ ਹੈ -

| | | | | | | | | | | | | | | |
|---|---|---|---|---|---|---|---|---|---|---|---|---|---|---|
| ਮਾਤਰਾ | 1 | 2 | \| | 3 | 4 | \| | 5 | 6 | \| | 7 | 8 | \| |
| ਬੋਲ | ਧਿੰ | ਤ੍ਰਿਕਟ | \| | ਧਿੰ | ਨਾ | \| | ਤੂ | ਨਾ | \| | ਕਤ | ਤਾ | \| |
| ਚਿੰਨ੍ਹ | x | | \| | 2 | | \| | 0 | | \| | 3 | | \| |
| ਮਾਤਰਾ | 9 | 10 | \| | 11 | 12 | \| | 13 | 14 | | | | |
| ਬੋਲ | ਤ੍ਰਿਕਟ | ਧਿੰ | \| | ਨਾ | ਧਿੰ | \| | ਧਿੰ | ਨਾ | | | | |
| ਚਿੰਨ੍ਹ | 0 | | \| | 4 | | \| | 0 | | | | | |

## ਜੱਤ ਤਾਲ

| ਮਾਤ੍ਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 15 | 16 |
|---|---|---|---|---|---|---|---|---|---|---|---|---|---|---|---|
| ਬੋਲ | ਧਾ | ऽ | ਧਿੰ | ऽ | ਧਾ | ਧਾ | ਤਿੰ | ऽ | ਤਾ | ऽ | ਤਿੰ | ऽ | ਧਾ | ਧਿੰ | ऽ |
| ਤਾਲ | × | | | | 2 | | | | 0 | | | | 3 | | |

ਜੱਤ ਤਾਲ ਦੀਆਂ 16 ਮਾਤ੍ਰਾ ਹਨ। ਇਸਦੇ ਚਾਰ ਵਿਭਾਗ ਹਨ। ਪਹਿਲੀ ਮਾਤ੍ਰਾ 'ਤੇ ਸਮ ਅਤੇ ਪੰਜਵੀਂ ਅਤੇ ਤੇਰ੍ਹਵੀਂ ਮਾਤ੍ਰਾ 'ਤੇ ਦੂਸਰੀ ਅਤੇ ਤੀਸਰੀ ਤਾਲੀ ਹੁੰਦੀ ਹੈ ਅਤੇ ਨੌਵੀਂ ਮਾਤ੍ਰਾ ਤੇ ਖਾਲੀ ਹੁੰਦੀ ਹੈ।

ਜੱਤ ਤਾਲ ਤਬਲੇ ਦਾ ਤਾਲ ਹੈ। ਇਸ ਤਾਲ ਦਾ ਵਿਸ਼ੇਸ਼ ਪ੍ਰਯੋਗ ਠੁਮਰੀ ਗਾਇਨ ਸ਼ੈਲੀ ਦੇ ਨਾਲ ਕੀਤਾ ਜਾਂਦਾ ਹੈ। ਇਸ ਤਾਲ ਦੇ ਮਾਤ੍ਰਾ, ਵਿਭਾਗ ਅਤੇ ਚਿੰਨ੍ਹ ਸਧਾਰਣ ਤੌਰ ਤੇ ਤਿੰਨ ਤਾਲ ਅਤੇ ਤਿਲਵਾੜਾ ਤਾਲ ਵਾਂਗ ਹੀ ਹਨ ਪਰੰਤੂ ਚਲਨ ਵਿਚ ਇਹ ਤਾਲ ਦੀਪਚੰਦੀ ਵਾਂਗ ਹੈ। ਤਿੰਨ ਤਾਲ ਅਤੇ ਤਿਲਵਾੜਾ ਤਾਲ ਦੀ ਰਚਨਾ ਖਿਆਲ ਅਤੇ ਵਿਲੰਬਿਤ ਖਿਆਲ ਸ਼ੈਲੀ ਦੀ ਸੰਗਤ ਦੇ ਲਈ ਹੋਈ। ਜੱਤ ਤਾਲ ਵਿਚ ਦੀਪਚੰਦੀ ਤਾਲ ਦਾ ਚਲਨ ਹੋਣ ਦੇ ਕਾਰਨ, ਦੀਪਚੰਦੀ ਵਾਂਗ ਹੀ ਇਸਦਾ ਪ੍ਰਯੋਗ ਠੁਮਰੀ ਗਾਇਨ ਸ਼ੈਲੀ ਦੀ ਸੰਗਤ ਲਈ ਕੀਤਾ ਜਾਂਦਾ ਹੈ।